ਉੱਤਰੀ ਐਡੀਲੇਡ ਸਥਾਨਕ ਸਿਹਤ ਨੈੱਟਵਰਕ



# ਰਣਨੀਤਿਕ ਯੋਜਨਾ ਦਾ ਸਾਰ

## 2020-25

Government of South Australia

Health
Northern Adelaide Local Health Network

Punjabi / ਪੰਜਾਬੀ

# ਪ੍ਰਮੁੱਖ ਕਾਰਜਕਾਰੀ ਅਧਿਕਾਰੀ (Chief Executive Officer) ਵੱਲੋਂ ਸੰਦੇਸ਼

ਉੱਤਰੀ ਐਡੀਲੇਡ ਸਥਾਨਕ ਸਿਹਤ ਨੈੱਟਵਰਕ (NALHN) ਦੇ ਰਣਨੀਤੀ ਯੋਜਨਾ 2020-25 ਦੇ ਸਾਰ ਨੂੰ ਪੇਸ਼ ਕਰਦੇ ਹੋਏ ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ। ਇਹ ਐਡੀਲੇਡ ਦੇ ਉੱਤਰ ਅਤੇ ਉੱਤਰ-ਪੂਰਬ ਦੇ ਭਾਈਚਾਰਿਆਂ ਨੂੰ ਸਾਡੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਪ੍ਰਤੀ ਸਾਡੀ ਸੋਚ ਅਤੇ ਦਿਸ਼ਾ ਬਾਰੇ ਉੱਚ-ਪੱਧਰੀ ਸਾਰ ਪ੍ਰਦਾਨ ਕਰਦਾ ਹੈ।

ਸਾਡੇ ਸ਼ਾਨਦਾਰ ਕਰਮਚਾਰੀ ਜੋ ਕਿ ਨਵੀਨਤਾਕਾਰੀ (innovative), ਲਗਾਤਾਰ ਉੱਤਮ ਗੁਣਵੱਤਾ ਅਤੇ ਹਮਦਰਦੀ ਰੱਖਦੇ ਹਨ, ਉਨ੍ਹਾਂ ਰਾਹੀਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਅਸੀਂ ਅਜੇ ਵੀ ਵਚਨਬੱਧ ਹਾਂ।

ਇਹ ਰਣਨੀਤਿਕ ਯੋਜਨਾ NALHN ਦੀ ਅਗਲੇ ਪੜਾਅ ਦੀ ਸ਼ੁਰੂ ਹੋ ਰਹੀ ਯਾਤਰਾ ਦਾ ਚਿਨ੍ਹ ਹੈ ਜੋ ਕਿ ਸਾਡੇ ਭਾਈਚਾਰਿਆਂ ਨੂੰ ਸਾਰੀ ਜ਼ਿੰਦਗੀ ਸਭ ਤੋਂ ਵਧੀਆ ਸੰਭਵ ਸਿਹਤ ਸੰਭਾਲ ਅਤੇ ਦੁਰੁਸਤਗੀ ਪ੍ਰਾਪਤ ਕਰਵਾਉਣ ਵਿੱਚ ਮੱਦਦ ਕਰਦਾ ਹੈ।

## ਭਵਿੱਖ ਜੋ ਅਸੀਂ ਚਾਹੁੰਦੇ ਹਾਂ (OUR VISION)

ਸਾਡੇ ਭਾਈਚਾਰੇ ਨੂੰ ਜੀਵਨ ਭਰ ਵਧੀਆ ਤੋਂ ਵਧੀਆ ਸੰਭਵ ਸਿਹਤ ਅਤੇ ਦੁਰੁਸਤਗੀ ਉਪਲਬਧ ਹੋਵੇ।

## ਸਾਡਾ ਮਕਸਦ (OUR PURPOSE)

ਬੇਮਿਸਾਲ ਸਿਹਤ ਅਤੇ ਦੁਰੁਸਤਗੀ ਸੇਵਾਵਾਂ ਪ੍ਰਦਾਨ ਕਰਵਾਉਣਾ ਜਿਸ ਦੇ ਨਾਲ ਸਾਡੇ ਭਾਈਚਾਰਿਆਂ ਦੇ ਜੀਵਨ ਦੀ ਗੁਣਵੱਤਾ ਵਿੱਚ ਵਾਧਾ ਹੋ ਸਕੇ।

## ਸਾਡੇ ਅਸੂਲ (OUR VALUES)

ਅਸੂਲ ਸਾਡੀ ਸੰਸਥਾ ਦੇ ਦਿਲ ਵਿੱਚ ਵਸਦੇ ਹਨ ਅਤੇ ਅਸੀਂ ਆਪਣੇ ਸਭਿਆਚਾਰ ਬਾਰੇ, ਅਤੇ ਅਸੀਂ ਕਿਵੇਂ ਕੰਮ ਕਰਦੇ ਹਾਂ ਇਸ ਬਾਰੇ ਜਾਣਕਾਰੀ ਦੇ ਸਕੀਏ।

## NALHN ਵਿਖੇ, ਸਾਡਾ ਇਹ ਮੰਨਣਾ ਹੈ ਕਿ:

*ਹਰ ਕਿਸੇ ਦੀ ਕੋਈ ਕਹਾਣੀ ਹੈ; ਹਰ ਕੋਈ ਮਾਇਨੇ ਰੱਖਦਾ ਹੈ; ਹਰ ਕੋਈ ਯੋਗਦਾਨ ਦਿੰਦਾ ਹੈ; ਹਰ ਕੋਈ ਵੱਧਦਾ ਹੈ।*

## ਸਾਢਾ ਇਹ ਵਿਸ਼ਵਾਸ ਕਿਓਂ ਹੈ:

- **ਹਰ ਕਿਸੇ ਦੀ ਇੱਕ ਕਹਾਣੀ ਹੈ** – ਅਸੀਂ ਹਮਦਰਦੀ ਰੱਖਦੇ ਹਾਂ ਅਤੇ ਅਸੀਂ ਮਰੀਜਾਂ, ਪਰਿਵਾਰਾਂ ਅਤੇ ਕਰਮਚਾਰੀਆਂ ਦੀ ਥਾਂ ਤੇ ਆਪਣੇ ਆਪ ਨੂੰ ਰੱਖ ਕੇ ਵੇਖਾਂਗੇ।
- **ਹਰ ਕੋਈ ਮਾਇਨੇ ਰੱਖਦਾ ਹੈ** – ਅਸੀਂ ਸੁਆਗਤ ਕਰਨ ਵਾਲਿਆਂ ਵਿੱਚੋਂ ਹਾਂ, ਇੱਜ਼ਤ ਕਰਦੇ ਹਾਂ ਅਤੇ ਸਾਰਿਆਂ ਨੂੰ ਸ਼ਾਮਿਲ ਕਰਨ ਵਾਲਿਆਂ ਵਿੱਚੋਂ ਹਾਂ। NALHN ਵਿਖੇ, ਕੋਈ ਖਾਸ ਦਰਜਾ ਹੋਣ ਦੇ ਨਾਲ ਹੀ ਉਸ ਦਰਜੇ ਨਾਲ ਆਮ ਤੌਰ ਤੇ ਜੁੜੇ ਹੋਏ ਅਧਿਕਾਰ ਮਿਲ ਨਹੀਂ ਜਾਂਦੇ।
- **ਹਰ ਕੋਈ ਯੋਗਦਾਨ ਕਰਦਾ ਹੈ** – ਹਰ ਕੋਈ ਸਭਿਆਚਾਰ ਦਾ ਨਿਰਮਾਣ ਕਰਦਾ ਹੈ ਅਤੇ NALHN ਨੂੰ ਬਿਹਤਰ ਬਣਾਉਂਦਾ ਹੈ। ਅਸੀਂ ਸੁਣਦੇ ਹਾਂ ਅਤੇ ਸਿੱਖਦੇ ਹਾਂ।
- **ਹਰ ਕੋਈ ਵੱਧਦਾ ਹੈ** – ਅਸੀਂ ਠੀਕ ਹੋਣ (recovery) ਦਾ, ਦੁਰੁਸਤਗੀ, ਰਚਨਾਤਮਕਤਾ (creativity) ਅਤੇ ਨਵੀਨੀਕਰਣ ਦਾ ਪ੍ਰੋਤਸਾਹਨ ਕਰਦੇ ਹਾਂ। ਅਸੀਂ ਸਭ ਵਿਕਾਸ ਦੀ ਰਾਹ ਤੇ ਚੱਲ ਰਹੇ ਹਾਂ - ਮਰੀਜ਼, ਪਰਿਵਾਰ ਅਤੇ ਕਰਮਚਾਰੀ।

## ਸਾਡਾ ਸਥਾਨਕ ਸਿਹਤ ਨੈੱਟਵਰਕ

- Lyell McEwin ਹਸਪਤਾਲ – ਅਪਾਤਕਾਲ ਸੰਭਾਲ, ਪੇਚੀਦਾ ਅਤੇ ਇੱਕ ਤੋਂ ਵੱਧ ਦਿਨਾਂ ਦੀ ਸਰਜਰੀ, ਦਵਾਈਆਂ, ਬੱਚਾ-ਜਨਮ ਅਤੇ ਦਾਈ ਸੇਵਾਵਾਂ (obstetrics), ਬਾਲ ਰੋਗ ਵਿਗਿਆਨ (paediatrics) ਅਤੇ ਆਊਟਪੇਸ਼ੈਂਟ ਸੇਵਾਵਾਂ ਲਈ ਉੱਤਰ ਅਤੇ ਉੱਤਰ-ਪੂਰਬ ਦਾ ਪ੍ਰਮੁੱਖ ਹਸਪਤਾਲ
- Modbury ਹਸਪਤਾਲ – ਇੱਕ ਜਨਰਲ ਹਸਪਤਾਲ ਹੈ ਜਿੱਥੇ ਅਪਾਤਕਾਲ ਸੰਭਾਲ, ਇਲੈਕਟਿਵ ਸਰਜਰੀ, ਦਵਾਈਆਂ, ਆਊਟਪੇਸ਼ੈਂਟ ਅਤੇ ਆਮ ਸੰਭਾਲ (sub-acute) ਸੇਵਾਵਾਂ, ਮੁੜ-ਵਸੇਬਾ (rehabilitation), ਬੁੱਢੇ ਲੋਕਾਂ ਦੀਆਂ ਸਮਸਿਆਵਾਂ ਅਤੇ ਵੱਧ ਚੁੱਕੀਆਂ ਬਿਮਾਰੀਆਂ ਦੀ ਸੰਭਾਲ (palliative care) ਉਪਲਬਧ ਹੈ
- ਮੁੱਢਲੀ ਸਿਹਤ, ਆਮ ਸੰਭਾਲ ਅਤੇ ਅਸਥਾਈ ਸੰਭਾਲ (transitional care) ਸੇਵਾਵਾਂ, ਜਿਸ ਵਿੱਚ ਐਲਿਜ਼ਾਬੇਥ ਵਿਖੇ GP Plus ਸਿਹਤ ਸੰਭਾਲ ਕੇਂਦਰ ਅਤੇ Gilles Plains ਵਿਖੇ ਸੈਟਲਾਈਟ ਸਮੇਤ GP Plus ਸੁਪਰ ਕਲੀਨਿਕ ਮੋਡਬਰੀ
- Watto Purrunna ਆਦੀਵਾਸੀ ਮੁੱਢਲੀ ਸਿਹਤ ਸੰਭਾਲ ਸੇਵਾਵਾਂ ਦੇ ਸਥਾਨ Muna Paeindi, Kanggawodli, Maringga Turtpandi ਅਤੇ Wonggangga Turtpandi.
- ਸਮੁੱਚੇ ਭਾਈਚਾਰੇ ਅਤੇ ਹਸਪਤਾਲ ਦੀਆਂ ਪਰਿਸਸਥਿਤੀਆਂ ਵਿੱਚ ਉੱਤਰੀ ਦਿਮਾਗੀ ਸਿਹਤ ਸੇਵਾਵਾਂ (Northern Mental Health services), ਜਿਸ ਵਿੱਚ ਬਾਲਗ ਅਤੇ ਬੁੱਢੇ ਲੋਕਾਂ ਦੀ ਦਿਮਾਗੀ ਸਿਹਤ ਲਈ ਸੇਵਾਵਾਂ ਅਤੇ ਨਾਲ ਨਾਲ ਹੀ ਪੂਰੇ ਪ੍ਰਦੇਸ਼ ਵਿੱਚ ਫੋਰੈਂਸਿਕ ਦਿਮਾਗੀ ਸਿਹਤ ਸੇਵਾਵਾਂ।



## ਲਾਜਮੀ ਰਣਨੀਤਿਕ ਵਿਸ਼ੇ (STRATEGIC IMPERATIVES)

ਸਾਡੇ ਛੇ ਰਣਨੀਤਿਕ ਲਾਜਮੀ ਵਿਸ਼ੇ NALHN ਵੱਲੋਂ ਸੰਗਠਨਾਤਮਕ ਵਿਕਾਸ ਅਤੇ ਨਿਵੇਸ਼ ਨੂੰ ਮਿਲਦੀ ਪਹਲ ਨੂੰ ਦਰਸ਼ਾਉਂਦੇ ਹਨ ਤਾਂ ਜੋ ਅਸੀਂ ਆਪਣਾ ਮਕਸਦ ਅਤੇ ਉਸ ਭਵਿੱਖ ਨੂੰ ਪ੍ਰਾਪਤ ਕਰ ਸਕੀਏ ਜੋ ਅਸੀਂ ਚਾਹੁੰਦੇ ਹਾਂ (our vision) ਇਨ੍ਹਾਂ ਲਾਜਮੀ ਵਿਸ਼ਿਆਂ ਦਾ ਸਿਹ-ਨਿਰਮਾਣ ਸਾਡੇ ਕਰਮਚਾਰੀਆਂ, ਗਾਹਕਾਂ, ਆਦੀਵਾਸੀ ਲੋਕਾਂ (Aboriginal people) ਅਤੇ ਵੱਖ ਵੱਖ ਭਾਈਚਾਰਿਆਂ ਵੱਲੋਂ ਕੀਤਾ ਗਿਆ ਹੈ।

## ਸੱਭਿਆਚਾਰਕ ਸ਼ਮੂਲੀਅਤ (Inclusive Culture)

**ਸੱਭਿਆਚਾਰਕ ਸ਼ਮੂਲੀਅਤ**

**ਅਸੀਂ ਵਚਨਬੱਧ ਹਾਂ ਕਿ ਆਪਣੀ ਸ਼ਖਸੀਅਤ ਦਾ ਨਿਰਮਾਣ ਅਤੇ ਸਹਾਇਤਾ ਆਪਣੇ ਅਸੂਲਾਂ ਅਤੇ ਦ੍ਰਿੜ੍ਹ ਫੈਸਲੇ (determination) ਨੂੰ ਧਿਆਨ ਵਿੱਚ ਰੱਖਦੇ ਹੋਏ ਕਰੀਏ ਤਾਂ ਜੋ ਸਾਡੇ ਬੇਮਿਸਾਲ ਕਰਮਚਾਰੀ ਹਰ ਵਾਰ, ਸਭ ਤੋਂ ਉੱਤਮ ਸੰਭਾਲ ਪ੍ਰਦਾਨ ਕਰਵਾਉਣ।**

### ਸਭ ਤੋਂ ਮਹੱਤਵਪੂਰਨ ਪਹਲ (Key priority)

ਗੁਣਵੱਤਾ ਤੇ ਆਧਾਰਿਤ ਕਰਮਚਾਰੀਆਂ ਦਾ ਸੰਗਠਨ (value-based workforce) ਤਿਆਰ ਕੀਤਾ ਜਾਵੇ, ਜਿਸ ਵਿੱਚ ਕਰਮਚਾਰੀ ਸਿੱਖਣ, ਵਧਣ, ਠੀਕ ਸਮੇਂ ਤੇ ਬੋਲ ਸਕਣ ਅਤੇ ਸਫਲ ਹੋਣ ਪ੍ਰਤੀ ਸੁਰੱਖਿਅਤ ਮਹਿਸੂਸ ਕਰਣ।

## ਸੇਵਾ ਡਿਜ਼ਾਇਨ

**ਸੇਵਾ ਡਿਜ਼ਾਇਨ**

ਅਸੀਂ ਆਪਣੀ ਜਣਸੰਖਿਆ ਦੀਆਂ ਸਿਹਤ ਸਬੰਧੀ ਲੋੜਾਂ ਨੂੰ ਉਚਿਤ, ਅਸਰਦਾਰ ਅਤੇ ਪ੍ਰਭਾਵੀ ਤਰੀਕੇ ਨਾਲ ਪੂਰਾ ਕਰਣ ਦੇ ਲਈ ਤਿਆਰ ਕੀਤੀਆਂ ਗਈਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

### ਸਭ ਤੋਂ ਮਹੱਤਵਪੂਰਨ ਪਹਲ (Key priority)

ਆਪਣੀਆਂ ਸੇਹਤ ਸੇਵਾਵਾਂ ਨੂੰ ਆਪਣੇ ਗਾਹਕਾਂ ਅਤੇ ਭਾਈਚਾਰਿਆਂ ਦੇ ਨਾਲ ਮਿਲ ਕੇ ਡਿਜ਼ਾਇਨ, ਤਿਆਰ ਅਤੇ ਮੁੜ-ਵਿਚਾਰ ਕਰਨਾ।

ਆਪਣੇ ਭਾਗੀਦਾਰਾਂ (partners) ਨਾਲ, ਪੂਰੀ ਨਿਰੰਤਰਤਾ (continuum) ਵਿੱਚ ਸੁਧਾਰੀ ਗਈ ਅਤੇ ਤਾਲਮੇਲ ਕੀਤੀ ਗਈ ਸੰਭਾਲ ਰਾਹੀਂ, ਸੇਹਤ ਸੇਵਾਵਾਂ ਦੇ ਏਕੀਕਰਣ (health service integration) ਵਿੱਚ ਵਾਧਾ ਕਰਨਾ।

ਇਹ ਯਕੀਨੀ ਕਰ ਕੇ ਕਿ ਸੇਵਾਵਾਂ ਸਾਡੇ ਸਭ ਤੋਂ ਮਹੱਤਵਪੂਰਨ ਜਣਸੰਖਿਆ ਸਮੂਹਾਂ ਦੀਆਂ ਲੋੜਾਂ ਨੂੰ ਪੂਰਾ ਕਰ ਰਹੀਆਂ ਹਨ, ਉਨ੍ਹਾਂ ਲੋੜਮੰਦਾਂ ਦੀ ਮੱਦਦ ਕਰਨੀ ਜਿਨ੍ਹਾਂ ਨੂੰ ਮੱਦਦ ਦੀ ਸਭ ਤੋਂ ਜ਼ਿਆਦਾ ਲੋੜ ਹੈ।

## ਡਿਜੀਟਲੀ ਚੁਸਤ (Digitally Smart)

**ਡਿਜੀਟਲੀ ਸਮਾਰਟ**

ਅਸੀਂ ਡਿਜੀਟਲੀ ਸਮਾਰਟ ਪ੍ਰੋਗਰਾਮ ਤਿਆਰ ਕਰਦੇ ਹਾਂ ਅਤੇ ਬਿਲਕੁਲ ਨਵੀਂ ਤਕਨੀਕਾਂ ਵਰਤਦੇ ਹਾਂ ਤਾਂ ਜੋ ਵੱਧ ਤੋਂ ਵੱਧ ਬੇਹਤਰ ਸੇਹਤ ਸਬੰਧੀ ਨਤੀਜੇ ਪ੍ਰਾਪਤ ਹੋਣ, ਜਿਸ ਦੇ ਨਾਲ ਦੁਬਾਰਾ ਤੋਂ ਇੱਕ ਤਸਵੀਰ ਬਣ ਸਕੇ ਕਿ ਕਿਸ ਤਰੀਕੇ ਨਾਲ ਸਾਡੇ ਗਾਹਕ, ਭਾਈਚਾਰੇ, ਅਤੇ ਪਾਰਟਨਰ ਸਾਡੇ ਨਾਲ ਅਤੇ ਸਾਡੇ ਸਹਿਯੋਗ ਕਰਮਚਾਰੀਆਂ ਨਾਲ ਜੁੜਦੇ ਅਤੇ ਗੱਲ ਕਰਦੇ ਹਨ।

### ਸਭ ਤੋਂ ਮਹੱਤਵਪੂਰਨ ਪਹਲ (Key priority)

ਆਪਣੇ ਡਿਜੀਟਲ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਿਆਉਣਾ ਅਤੇ ਤਕਨੀਕੀ ਕਾਢਾਂ ਨੂੰ ਅਪਣਾਉਣਾ।

ਅਜਿਹੀਆਂ ਪ੍ਰਣਾਲੀਆਂ ਤਿਆਰ ਕਰਨੀਆਂ ਜੋ ਕੀ ਸਮੇਂ ਸਿਰ ਅਤੇ ਸਹੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ ਜਿਸ ਦੇ ਨਾਲ ਪ੍ਰਭਾਵਸ਼ਾਲੀ ਤਰੀਕੇ ਨਾਲ ਫੈਸਲੇ ਲਿੱਤੇ ਜਾ ਸਕਣ।

## ਸਥਿਰਤਾ (Sustainability)

**ਸਥਿਰਤਾ**

ਅਸੀਂ ਸਥਿਰਤਾ ਦਾ ਸੁਆਗਤ ਕਰਦੇ ਹਾਂ ਅਤੇ ਇਹ ਕਰਨ ਦੇ ਲਈ ਅਸੀਂ ਨਵੀਨਤਾਕਰਣ (innovation) ਕਰਦੇ ਹਾਂ, ਖਤਰਿਆਂ ਨੂੰ ਪਛਾਣ ਕੇ ਜ਼ਰੂਰੀ ਪ੍ਰਬੰਧ ਕਰਦੇ ਹਾਂ, ਲਗਾਤਾਰ ਕਦਮ ਨਾਲ ਕਦਮ ਚੁੱਕਦੇ ਹਾਂ (aligning), ਆਪਣੇ ਸਰੋਤਾਂ ਦਾ ਬਿਲਕੁਲ ਸਹੀ ਇਸਤੇਮਾਲ ਕਰਦੇ ਹਾਂ, ਇਨ੍ਹਾਂ ਸਰੋਤਾਂ ਨੂੰ ਵਧਾਉਂਦੇ ਹਾਂ, ਅਤੇ ਆਪਣੀ ਸਮਰੱਥਾ ਅਨੁਸਾਰ ਚੱਲਦੇ ਹਾਂ (living within means)।

### ਸਭ ਤੋਂ ਮਹੱਤਵਪੂਰਨ ਪਹਲ (Key priority)

ਸਰੋਤਾਂ ਦਾ ਜ਼ਿੰਮੇਵਾਰੀ ਦੇ ਨਾਲ ਇਸਤੇਮਾਲ ਤਾਂ ਜੋ ਵੱਧ ਤੋਂ ਵੱਧ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

ਪ੍ਰਣਾਲੀਆਂ ਨੂੰ ਮਜਬੂਤ ਬਣਾਉਣਾ ਤਾਂ ਜੋ ਇੱਕ ਮਜਬੂਤ ਵਿੱਤੀ ਪ੍ਰਬੰਧਨ ਵਿੱਚ ਮੱਦਦ ਮਿਲ ਸਕੇ।

ਵਪਾਰਕ ਨਵੀਨੀਕਰਣ (commercial innovation) ਦੇ ਮੌਕਿਆਂ ਦੀ ਪਛਾਣ ਕਰਨਾ।

## ਬੇਮਿਸਾਲ ਲੋਕ

**ਬੇਮਿਸਾਲ ਲੋਕ**

ਅਸੀਂ ਕੋਸ਼ਿਸ਼ ਕਰਦੇ ਹਾਂ ਕੀ ਇੱਕ ਅਜਿਹਾ ਪਸੰਦੀਦਾ ਕੰਮਕਾਜ ਵਾਲਾ ਸਥਾਨ ਬਣ ਸਕੀਏ ਜੋ ਕੀ ਬੇਮਿਸਾਲ ਕਰਮਚਾਰੀਆਂ ਨੂੰ ਸਾਡੇ ਵੱਲ ਖਿੱਚੇ ਅਤੇ ਨਾਲ ਬਰਕਰਾਰ ਰੱਖੇ, ਇਹ ਇੱਕ ਅਜਿਹਾ ਸ਼ਮੂਲੀਅਤ ਭਰਿਆ ਕੰਮਕਾਜੀ ਮਾਹੌਲ ਅਤੇ ਵਾਤਾਵਰਣ ਦੇ ਕੇ ਤਿਆਰ ਕੀਤਾ ਜਾ ਸਕਦਾ ਹੈ ਜਿੱਥੇ ਕਿ ਓਹ ਵਧਣ ਅਤੇ ਯੋਗਦਾਨ ਦੇਣ ਦੀ ਤਾਕਤ ਮਹਿਸੂਸ ਕਰਣ ਅਤੇ ਜਿੱਥੇ ਹਰ ਕੋਈ ਮਾਇਨੇ ਰੱਖੇ।

### ਸਭ ਤੋਂ ਮਹੱਤਵਪੂਰਨ ਪਹਲ (Key priority)

ਆਪਣੇ ਲੋਕਾਂ ਵਿੱਚ ਨਿਵੇਸ਼ ਕਰਨਾ ਜਿਸ ਨਾਲ ਇੱਕ ਵਿਭਿੰਨ, ਕੁਸ਼ਲ ਅਤੇ ਚੁਸਤ ਕਰਮਚਾਰੀਆਂ ਦਾ ਸਮੂਹ ਤਿਆਰ ਕੀਤਾ ਜਾ ਸਕੇ ਜੋ ਕਿ ਵਿਸ਼ਵ-ਪੱਧਰੀ ਸੇਹਤ ਸੰਭਾਲ ਪ੍ਰਦਾਨ ਕਰ ਸਕੇ।

ਕੰਮ ਕਰਣ ਅਤੇ ਸਿੱਖਣ ਦੇ ਲਈ ਇੱਕ ਜੀਵੰਤ (vibrant), ਅਸੂਲ-ਆਧਾਰਿਤ (value-based) ਸਥਾਨ ਤਿਆਰ ਕੀਤਾ ਜਾ ਸਕੇ।

ਕਰਮਚਾਰੀ ਸਮੂਹਾਂ (workforce) ਦੇ ਲਈ ਇੱਕ ਅਜਿਹਾ ਮਾਹੌਲ ਤਿਆਰ ਕੀਤਾ ਜਾਵੇ ਜਿੱਥੇ ਜੋ ਵੀ ਕੀਤਾ ਜਾਂਦਾ ਹੈ, ਉਸ ਵਿੱਚ ਸੰਭਾਲ ਅਤੇ ਦਿਆਲਤਾ ਨੂੰ ਬਿਲਕੁਲ ਕੇਂਦਰ ਵਿੱਚ ਰੱਖ ਕੇ ਕੀਤਾ ਜਾਂਦਾ ਹੈ।

## ਭਾਗੀਦਾਰੀ (Partnering)

**ਭਾਗੀਦਾਰੀ (Partnering)**

**ਅਸੀਂ ਰਣਨੀਤਿਕ ਸਹਿਯੋਗੀ ਭਾਗੀਦਾਰੀਆਂ ਦੀ ਰਚਨਾ ਕਰਦੇ ਹਾਂ ਜਿਸ ਨਾਲ ਸਾਡੇ ਵੱਧ ਰਹੇ ਭਾਈਚਾਰਿਆਂ ਦੀ ਮੱਦਦ ਕਰਨ ਲਈ, ਵੱਧ ਤੋਂ ਵੱਧ ਮੌਕੇ ਤਿਆਰ ਕੀਤੇ ਜਾ ਸਕਣ ਅਤੇ ਉਨ੍ਹਾਂ ਮੌਕਿਆਂ ਦਾ ਵੱਧ ਤੋਂ ਵੱਧ ਇਸਤੇਮਾਲ ਕੀਤਾ ਜਾ ਸਕੇ।**

### ਸਭ ਤੋਂ ਮਹੱਤਵਪੂਰਨ ਪਹਲ (Key priority)

ਭਾਗੀਦਾਰਾਂ (Partners) ਨਾਲ ਟੀਚਿਆਂ ਤੇ ਆਧਾਰਿਤ ਰਿਸ਼ਤੇ (targeted relationships) ਬਨਾਉਣਾ।

ਗਾਹਕਾਂ ਅਤੇ ਭਾਈਚਾਰਿਆਂ ਦੇ ਨਾਲ ਨਿਰੰਤਰ ਅਤੇ ਅਰਥਪੂਰਵਕ ਤਰੀਕੇ ਦੇ ਨਾਲ ਜੁੜਦੇ ਰਹਿਣਾ।

ਯੂਨੀਵਰਸਿਟੀਆਂ ਅਤੇ ਨਵੀਆਂ ਕਾਢਾਂ ਕੱਢਣ ਵਾਲੀਆਂ ਸੰਸਥਾਵਾਂ ਦੇ ਨਾਲ ਭਾਗੀਦਾਰੀਆਂ ਰਾਹੀਂ ਸਿੱਖਣਾ ਅਤੇ ਨਵੀਨੀਕਰਣ ਕਰਨਾ।







Government of South Australia

Health
Northern Adelaide
Local Health Network